## ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ
## ਐਸ.ਸੀ.ਓ 104-106, ਸੈਕਟਰ 34-ਏ,ਚੰਡੀਗੜ੍ਹ

### ਹੁਕਮ

1.0 ਸਰਕਾਰ ਦੇ ਧਿਆਨ ਵਿੱਚ ਆਇਆ ਹੈ ਕਿ ਪੰਜਾਬ ਦੇ ਕਈ ਪ੍ਰਾਇਮਰੀ ਸਕੂਲ ਮਿਡਲ, ਹਾਈ, ਸੈਕੰਡਰੀ ਜਾਂ ਸੀਨੀਅਰ ਸੈਕੰਡਰੀ ਸਕੂਲ ਦੇ ਕੈਂਪਸ ਵਿੱਚ ਜਾਂ ਇਸਦੇ ਨਾਲ ਲਗਦੇ ਕੈਂਪਸ ਵਿੱਚ ਹੀ ਚੱਲ ਰਹੇ ਹਨ।ਇਹ ਵੀ ਧਿਆਨ ਵਿੱਚ ਅਇਆ ਹੈ ਕਿ ਕਈ ਵਾਰ ਪ੍ਰਾਇਮਰੀ ਸਕੂਲਾਂ ਵਿੱਚ ਅਧਿਆਪਕਾਂ ਦੀ ਘਾਟ ਹੁੰਦੀ ਹੈ ਜਦ ਕਿ ਮਿਡਲ ਜਾਂ ਦੂਜੇ ਸਕੂਲਾਂ ਵਿੱਚ ਅਧਿਆਪਕ ਲੋੜ ਤੋਂ ਵੱਧ ਹੁੰਦੇ ਹਨ ਜਾਂ ਪੂਰੇ ਹੁੰਦੇ ਹਨ। ਇਸ ਤਰਾਂ ਇੱਕ ਪਾਸੇ ਤਾਂ ਅਧਿਆਪਕਾਂ ਦੀ ਘਾਟ ਹੁੰਦੀ ਹੈ ਅਤੇ ਦੂਜੇ ਪਾਸੇ ਅਧਿਆਪਕਾਂ ਦੀ ਬਹੁਤਾਤ ਵੇਖਣ ਨੂੰ ਮਿਲਦੀ ਹੈ। ਇਸ ਤਰਾਂ ਸਰਕਾਰੀ ਸੋਮਿਆਂ ਦੀ ਠੀਕ ਵਰਤੋਂ ਨਹੀਂ ਹੋ ਰਹੀ ਅਤੇ ਸਰਕਾਰ ਤੇ ਵਾਧੂ ਵਿੱਤੀ ਬੋਝ ਵੀ ਪੈ ਰਿਹਾ ਹੈ। ਇਸ ਤੋਂ ਇਲਾਵਾ ਇਹ ਗੱਲ ਵੀ ਧਿਆਨ ਵਿੱਚ ਆਈ ਹੈ ਕਿ ਸਕੂਲਾਂ ਦੇ ਪ੍ਰਬੰਧਨ ਵਿੱਚ ਜੇਕਰ ਕੋਈ ਇੱਕ ਹੀ ਸਕੂਲ ਮੁਖੀ ਮੌਜੂਦ ਹੋਵੇ ਤਾਂ ਸਕੂਲ ਦਾ ਪ੍ਰਬੰਧ ਹੋਰ ਵੀ ਠੀਕ ਹੋ ਸਕਦਾ ਹੈ।

2.0 ਇਸ ਮੁੱਦੇ ਤੇ ਵਿਭਾਗ ਵੱਲੋਂ ਵਿਸਥਾਰਪੂਰਵਕ ਚਰਚਾ ਕਰਨ ਉਪਰੰਤ ਹੇਠ ਲਿਖੇ ਅਨੁਸਾਰ ਹੁਕਮ ਕੀਤੇ ਜਾਂਦੇ ਹਨ:

2.1 ਜਿਹੜੇ ਪ੍ਰਾਇਮਰੀ ਸਕੂਲ ਕਿਸੇ ਮਿਡਲ, ਹਾਈ, ਸੈਕੰਡਰੀ ਜਾਂ ਸੀਨੀਅਰ ਸੈਕੰਡਰੀ ਸਕੂਲ ਦੇ ਨਾਲ ਇੱਕ ਕੈਂਪਸ/ਬਿਲਡਿੰਗ ਵਿੱਚ ਚੱਲ ਰਹੇ ਹਨ ਜਾਂ ਜਿਨ੍ਹਾਂ ਦੀ ਚਾਰਦਿਵਾਰੀ ਇੱਕ/ਸਾਂਝੀ ਹੈ, ਉਹਨਾਂ ਦਾ ਅਕਾਦਮਿਕ ਤੌਰ 'ਤੇ ਪ੍ਰਬੰਧਕੀ ਕੰਟਰੋਲ ਮਿਡਲ, ਹਾਈ, ਸੈਕੰਡਰੀ ਜਾਂ ਸੀਨੀਅਰ ਸੈਕੰਡਰੀ ਸਕੂਲ, ਜਿਵੇਂ ਵੀ ਹੋਵੇ, ਦੇ ਸੀਨੀਅਰ ਮੁਖੀ ਕੋਲ ਹੋਵੇਗਾ।

2.2 ਅਜਿਹੇ ਕਲੱਬ ਕੀਤੇ ਗਏ ਸਕੂਲ ਦੇ ਸਾਰੇ ਅਧਿਆਪਕਾਂ ਦੀ ਹਾਜ਼ਰੀ ਇੱਕ ਸਾਂਝੇ ਰਜਿਸਟਰ ਵਿੱਚ ਲੱਗੇਗੀ।

2.3 ਸਕੂਲ ਦੇ ਸਾਰੇ ਵਿਦਿਆਰਥੀਆਂ ਦੀ ਸਵੇਰ ਦੀ ਸਭਾ ਵੀ ਸਾਂਝੇ ਤੌਰ ਤੇ ਕਰਵਾਈ ਜਾਵੇਗੀ।

2.4 ਕਲੱਬ ਕੀਤੇ ਗਏ ਸਕੂਲ ਦੀ ਸਾਂਝੀ ਸਮਾਂ ਸਾਰਣੀ ਹੋਵੇਗੀ ਅਤੇ ਆਰਟ ਤੇ ਕਰਾਫ਼ਟ ਅਤੇ ਪੀ.ਟੀ.ਆਈ ਅਧਿਆਪਕਾਂ ਨੂੰ ਲੋੜ ਅਨੁਸਾਰ ਪ੍ਰਾਇਮਰੀ ਜਮਾਤਾਂ ਦੇ ਪੀਰੀਅਡ ਵੀ ਦਿੱਤੇ ਜਾਣਗੇ। ਇਸੇ ਤਰਾਂ ਜੇਕਰ ਪ੍ਰਾਇਮਰੀ ਸਕੂਲ ਵਿੱਚ ਅਧਿਆਪਕਾਂ ਦੀ ਗਿਣਤੀ ਵੱਧ ਹੋਵੇ ਤਾਂ ਲੋੜ ਅਨੁਸਾਰ ਉਨ੍ਹਾਂ ਨੂੰ ਮਿਡਲ ਦੀਆਂ ਜਮਾਤਾਂ ਦੇ ਪੀਰੀਅਡ ਦਿੱਤੇ ਜਾ ਸਕਦੇ ਹਨ।

3.0 ਸਾਂਝੇ ਸਕੂਲ ਦਾ ਮੁਖੀ ਆਪਣੇ ਸਕੂਲ ਦੇ ਅਧਿਆਪਕਾਂ ਦੀਆਂ ਕਮਾਈ, ਮੈਡੀਕਲ, ਪ੍ਰਸੂਤਾ ਅਤੇ ਹੋਰ ਵਿਸ਼ੇਸ਼ ਕਿਸਮ ਦੀਆਂ ਛੁੱਟੀਆਂ ਸਬੰਧਤ ਡੀ.ਡੀ.ਓ ਨੂੰ ਸਮੇਂ ਸਿਰ ਭੇਜਣਾ ਯਕੀਨੀ ਬਣਾਏਗਾ।

4.0 ਪ੍ਰਾਇਮਰੀ ਸਕੂਲਾਂ ਦੇ ਮੁਖੀ ਆਪਣੇ ਬੀ.ਪੀ.ਈ.ਓ ਨਾਲ ਵੀ ਰਾਬਤਾ ਰੱਖਣਗੇ ਅਤੇ ਚਾਲੂ ਵੱਖ-ਵੱਖ ਸਕੀਮਾਂ ਨੂੰ ਸਬੰਧਤ ਸਕੂਲ ਮੁਖੀਆਂ ਰਾਹੀਂ ਸੁਚਾਰੂ ਰੂਪ ਵਿੱਚ ਲਾਗੂ ਕਰਵਾਉਣ ਵਿੱਚ ਸਹਿਯੋਗ ਕਰਨਗੇ।

5.0 ਕਲੱਬ ਕੀਤੇ ਗਏ ਸਕੂਲ ਦੇ ਅਧਿਆਪਕਾਂ ਦੇ ਕੰਮ ਦੀ ਵੰਡ, ਅਨੁਸ਼ਾਸ਼ਨ, ਉਨ੍ਹਾਂ ਦੀਆਂ ਸਲਾਨਾ ਗੁਪਤ ਰਿਪੋਰਟਾਂ ਲਿਖਣਾ ਸਕੂਲ ਮੁਖੀ ਦਾ ਅਧਿਕਾਰ ਖੇਤਰ ਹੋਵੇਗਾ।

6.0 ਸਕੂਲ ਦੇ ਸਮੁੱਚੇ ਪ੍ਰਬੰਧ ਅਤੇ ਕਾਰਗੁਜ਼ਾਰੀ ਲਈ ਸਾਂਝੇ ਸਕੂਲ ਦਾ ਮੁਖੀ ਜ਼ਿੰਮੇਵਾਰ ਹੋਵੇਗਾ।

7.0 ਪ੍ਰਾਇਮਰੀ ਸਕੂਲਾਂ ਦੇ ਅਧਿਆਪਕਾਂ ਦੀਆ ਤਨਖਾਹਾਂ, ਹੋਰ ਵਿੱਤੀ ਅਦਾਇਗੀਆਂ ਅਤੇ ਤਰੱਕੀਆਂ ਆਦਿ ਦਾ ਕੰਮ ਪਹਿਲਾਂ ਵਾਂਗ ਹੀ ਬੀ.ਪੀ.ਈ.ਓ/ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ) ਦੇ ਪੱਧਰ ਤੇ ਚੱਲਦਾ ਰਹੇਗਾ।

ਮਿਤੀ: ਚੰਡੀਗੜ੍ਹ, 14.06.10

ਮਨਦੀਪ ਸਿੰਘ ਸੰਧੂ, ਆਈ.ਏ.ਐਸ
ਪ੍ਰਮੁੱਖ ਸਕੱਤਰ ਸਕੂਲ ਸਿੱਖਿਆ, ਪੰਜਾਬ

ਪਿੱਠ ਅੰਕਣ ਨੰ:ਸਸਅ/ਡਿਐਸਪੀਡੀ ਵੀ/45738 ਮਿਤੀ:08-07-2010

ਇਸ ਦਾ ਉਤਾਰਾ ਹੇਠ ਲਿਖਿਆਂ ਨੂੰ ਵੀ ਭੇਜਿਆ ਜਾਂਦਾ ਹੈ:-

(1) ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਸੈ.ਸਿ) ਅਤੇ (ਐ.ਸਿ)
ਉਨ੍ਹਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਆਪਸ ਵਿੱਚ ਇਕੱਠੇ ਬੈਠ ਕੇ ਆਪਣੇ ਜ਼ਿਲ੍ਹੇ ਦੇ ਅਜਿਹੇ ਸਕੂਲਾਂ ਦੀਆਂ ਲਿਸਟਾਂ ਤਿਆਰ ਕਰ ਲੈਣ ਅਤੇ ਤੁਰੰਤ ਮੁੱਖ ਦਫ਼ਤਰ ਨੂੰ ਵੀ ਭੇਜਣ ਜਿੱਥੇ ਸਰਕਾਰ ਦੇ ਉਪਰੋਕਤ ਹੁਕਮਾਂ ਨੂੰ ਪ੍ਰਵਾਨ ਕੀਤਾ ਜਾ ਸਕਦਾ ਹੋਵੇ।

(2) ਰਾਜ ਦੇ ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ (ਵੈਬਸਾਈਟ ਰਾਹੀਂ)।

(3) ਰਾਜ ਦੇ ਸਮੂਹ ਸਕੂਲ਼ ਮੁੱਖੀ

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**